# **ਸਿੱਖ ਦੇ ਘਰਾਂ, ਗੁਰਦੁਆਰਿਆਂ ਅਤੇ ਮੁੱਖ ਧਾਰਮਿੱਕ ਸਥਾਨਾਂ

# ਵਿੱਚ ਹੋ ਰਹੀਆਂ ਮੰਨਮੱਤਾਂ।

## ਕਿਸ਼ਤ ਨੰਬਰ 5

**(ਲੜੀ ਜੋੜਨ ਲਈ ਕਿਸ਼ਤ ਨੰਬਰ 1, 2, 3, 4, ਪੜ੍ਹੋ ਜੀ)**

** ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ, ਕਿ ਇਸ ਦਿਖਦੇ-ਅਣਦਿੱਖਦੇ ਬ੍ਰਹਿਮੰਡ ਦਾ ਕੋਈ-ਨਾ-ਕੋਈ ਤਾਂ **'ਕਾਦਰ-ਕਰਤਾ'** ਹੈ ਹੀ ਹੈ। ਜੋ ਆਪਣੀ ਕਿਰਤ **'ਕੁੱਦਰਤ'** ਵਿੱਚ ਹੀ ਸਮਾਇਆ ਹੋਇਆ ਹੈ। (ੴ)

'** ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ॥ ਮ5॥ 48॥

** ਸਭ ਕਿਛੁ ਤੂੰਹੈ ਤੂੰਹੈ ਮੇਰੇ ਪਿਆਰ ਤੇਰੀ ਕੁਦਰਤਿ ਕਉ ਬਲਿ ਜਾਈ ਜੀਉ॥ ਮ5॥ 98॥

** ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥

** ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥

** ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥

** ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ॥

** ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ।

** ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥

** ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥

** ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥

** ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥ ਮ1॥ 464॥

** ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥ ਮ1॥ 463॥

** ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰ॥ ਮ1॥ 464॥

** ਬਲਿਹਾਰੀ ਕੁਦਰਤਿ ਵਦਿਸਆ॥ ਮ1॥ 469॥

** ਕੁਦਰਤਿ ਕਾਦਰ ਕਰਣ ਕਰੀਮਾ॥ ਮ5॥ 1084॥

** ਉਸ **'ਕਾਦਰ-ਕਰਤੇ'** ਨੂੰ ਅੱਜ ਤੱਕ ਕਿਸੇ ਵੀ ਮਨੁੱਖ ਨੇ ਆਪਣੀ ਇਹਨਾਂ ਅੱਖਾਂ ਰਾਂਹੀ ਨਹੀਂ ਵੇਖਿਆ। ਨਾ ਹੀ ਉਹ **'ਕਾਦਰ-ਕਰਤਾ'** ਕਿਸੇ ਸਥੂਲ ਰੂਪ ਵਿੱਚ ਵੇਖਿਆ ਜਾ ਸਕਦਾ ਹੇ। ਕਿਉਂਕਿ ਉਹ **'ਕਾਦਰ-ਕਰਤਾ'** ਤਾਂ ਸਰਬ-ਵਿਆਪੱਕ ਹੈ, ਸਾਰੇ ਬ੍ਰਹਿਮੰਡ ਵਿੱਚ ਰਮਿਆ ਹੋਇਆ ਹੈ। (ੴ)

** "ਤੂ ਘਟਿ ਘਟਿ ਰਵਿਆ ਅੰਤਰਜਾਮੀ॥ ਮ4॥ 96॥

** ਰੂਪ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਭਿੰਨ॥ ਮ5॥ 283॥

** ਰੂਪ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ॥ ਮ5॥ 815॥

** ਸਗਲ ਪਰਾਧ ਦੇਹਿ ਲੋਰੋਨੀ॥ ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥ ਮ5॥ 1136॥

**** ਹਾਂ! ! 'ਕਾਦਰ ਕਰਤੇ'** ਨੂੰ ਮਹਿਸੂਸ ਕੀਤਾ ਜਾ ਸਕਦਾ ਹੈ।

- ਜਿਸ ਤਰਾਂ **'ਕਾਦਰ-ਕਰਤੇ'** ਦੇ ਸਾਜੇ-ਬਣਾਏ ਫੁੱਲਾਂ ਵਿੱਚ ਖ਼ੁਸ਼ਬੂ ਹੈ। ਅਸੀਂ ਆਪਣੇ ਗਿਆਨ ਇੰਦਰੀਆਂ ਰਾਂਹੀ ਕਿਸੇ ਫੁੱਲ ਦੀ ਖ਼ੁਸਬੂ ਦਾ ਅਨੰਦ ਲੈ ਸਕਦੇ ਹਾਂ ਪਰ ਉਸ ਖ਼ੁਸ਼ਬੂ ਨੂੰ ਵੇਖ ਨਹੀਂ ਸਕਦੇ।
- ਜਿਸ ਤਰਾਂ ਕਿਸੇ ਸੀਸ਼ੇ ਵਿੱਚ ਪਰਛਾਈ ਹੁੰਦੀ ਹੈ।

** ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥ ਮ9॥ 684॥

** ਅਨੇਕਾਂ ਪ੍ਰਕਾਰ ਦੇ ਫਲਾਂ ਦੀ ਖ਼ੁਸ਼ਬੂ ਤੋਂ ਫਲ ਦਾ ਨਾਮ ਯਾਦ ਆ ਜਾਂਦਾ ਹੈ। ਫਲ ਦੀ ਖ਼ੁਸ਼ਬੂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ ਪਰ ਵੇਖਿਆ ਨਹੀਂ ਜਾ ਸਕਦਾ।

** ਅਨੇਕਾਂ ਰੰਗਾਂ ਦੀਆਂ ਰੰਗ-ਬਰੰਗੀਆਂ ਤਿਤਲੀਆਂਨੂੰ ਵੇਖ ਕੇ ਨਹੀਂ ਲੱਗਦਾ ਕਿ **ਇਹਨਾਂ ਤਿੱਤਲੀਆਂ ਵਿੱਚ ਅਨੇਕਾਂ ਤਰਾਂ ਦੇ ਰੰਗ ਕਿਸ ਨੇ ਭਰੇ ਗਏ ਹੋਣਗੇ? ? ਕੌਣ ਹੈ ਉਹ ਚਿੱਤਰਕਾਰ? ? ? ?**

** ਇਸ ਸੰਸਾਰ ਵਿੱਚ ਅਨੇਕਾਂ ਹੀ ਅਜੇਹੇ ਪ੍ਰਮਾਣ ਹਨ, ਜਿਹਨਾਂ ਰਾਂਹੀ ਉਸ **'ਕਾਦਰ-ਕਰਤੇ'** ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਕਿ **'ਉਹ'** ਕੋਈ 'ਕਾਦਰ-ਕਰਤਾ' ਹੈ, ਜਿਸਨੇ ਇਸ ਪੂਰੇ ਬ੍ਰਹਿਮੰਡ ਨੂੰ ਬਨਾਉਣਾ, ਸਾਜਨਾ, ਸਜਾਉਣਾ, ਸ਼ਿੰਗਾਰਨਾ ਕੀਤਾ ਹੈ।

** **'ਕਾਦਰ-ਕਰਤੇ'** ਦੇ ਬਣਾਏ-ਸਾਜੇ ਇਸ ਸੰਸਾਰ ਵਿੱਚ 'ਅੰਡਜ, ਜੇਰਜ਼, ਸੇਤਜ, ਉਤਭੁੱਜ' ਖਾਣੀਆਂ ਦੇ ਮਾਧਮਾਂ ਰਾਂਹੀ ਪੈਦਾ ਹੋਈਆਂ ਲੱਖਾਂ ਹੀ ਸ਼੍ਰੇਣੀਆਂ ਹਨ। ਸ੍ਰਿਸਟੀ ਵਿੱਚ ਇਹਨਾਂ ਸ਼੍ਰੇਣੀਆਂ ਵਿਚੋਂ ਹੀ ਇੱਕ ਮਨੁੱਖਾ ਜਾਤੀ ਦੀ ਇਕੋ ਹੀ ਸ਼੍ਰੇਣੀ ਹੈ। ਸਾਰੀ ਮਨੁੱਖਾ ਜਾਤੀ ਦੀ ਸ਼੍ਰੇਣੀ ਇੱਕ ਹੀ ਹੈ, ਹਾਂ! ! ਸਾਰਿਆਂ ਦੀਆਂ ਸਕਲਾਂ ਸੂਰਤਾਂ ਅਲੱਗ ਅਲੱਗ ਹਨ। "ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ॥ ਮ1॥ 596॥

** ਕੋਈ ਵੀ ਦੋ ਮਨੁੱਖ ਇਕੋ ਜਿਹੇ ਜੀਵਨ ਵਾਲੇ ਨਹੀਂ ਹਨ। ਸਾਰੇ ਅਲੱਗ ਅਲੱਗ ਹਨ। ਸਾਰਿਆਂ ਦੀ ਸੋਚ ਅਲੱਗ ਅਲੱਗ ਹੈ। ਸਾਰਿਆਂ ਦੀ 'ਜਾਤ' ਇੱਕ ਹੈ। ਸਾਰਿਆਂ ਦਾ ਮਜ਼ਹਬ, ਦੀਨ, ਧਰਮ 'ਇਨਸਾਨੀਅਤ' ਹੈ, ਮਨੁੱਖਤਾ ਹੈ।

** ਇਸ ਮਨੁੱਖਾ ਸੰਸਾਰ ਵਿੱਚ ਅੱਜ ਦੇ 'ਧਰਮਾਂ' ਦੇ ਬਣਾਏ ਕੁਚੱਕਰਾਂ ਦਾ ਵਿੱਧੀ ਵਿਧਾਨ ਵੀ 'ਮਨੁੱਖ' ਦਾ ਹੀ ਬਣਾਇਆ ਹੋਇਆ ਹੈ। ਤਾਂ ਹੀ ਤਾਂ ਹਰ 'ਧਰਮ' ਦੇ ਅਲੱਗ ਅਲੱਗ ਰਾਹ ਹਨ। ਅਲੱਗ ਅਲੱਗ ਮਾਨਤਾਵਾਂ ਹਨ। ਅਲੱਗ ਅਲੱਗ ਕਰਮਕਾਂਡ ਹਨ।

** ਕੋਈ ਇੱਕ ਧਰਮ ਨੂੰ ਮੰਨਣ ਵਾਲਾ, ਦੂਸਰੇ ਧਰਮ ਵਾਲੇ ਨੂੰ ਵੇਖ ਕਿ ਰਾਜ਼ੀ ਨਹੀਂ ਹੈ। ਸਾਰਿਆਂ ਦਾ 'ਰੱਬ' ਅਲੱਗ ਅਲੱਗ ਬਣਾਇਆ ਹੋਣ ਕਰਕੇ, ਸਾਰੇ ਆਪਣੇ ਬਣਾਏ 'ਰੱਬ' ਨੂੰ ਹੀ ਮਹਾਨ ਮੰਨਦੇ ਹਨ, ਜਾਣਦੇ ਹਨ। ਦੂਸਰੇ ਦੇ ਬਣਾਏ, ਮੰਨੇ ਜਾਂਦੇ 'ਰੱਬ' ਨੂੰ ਕੋਈ ਵੀ ਕਬੂਲਣ ਨੂੰ ਤਿਆਰ ਨਹੀਂ।

** ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ ਕਬੀਰ ਜੀ॥ 1349

** ਕਿਉਂਕਿ ਸਾਰਿਆ ਨੇ ਆਪੋ ਆਪਣਾ ਕਿਰਤਮੀ 'ਰੱਬ, ਅੱਲਾ, ਵਾਹਿਗੁਰੂ, ਬਣਾਇਆ ਹੋਣ ਕਰਕੇ ਕੋਈ ਵੀ ਆਪਣੇ ਆਪ ਨੂੰ ਨੀਵਾਂ ਨਹੀਂ ਵਿਖਾਉਣਾ ਚਹੁੰਦਾ।

** **(ਸਚਾਈ ਇਹ ਹੈ ਇਸ ਸੰਸਾਰ ਦਾ 'ਕਾਦਰ-ਕਰਤਾ' ਇੱਕ (ੴ) ਹੀ ਹੈ।**

**ਇਸ 'ਸੱਚ', 'ਸੱਚਾਈ' ਵਿੱਚ ਵੰਡੀਆਂ ਵੀ ਸ਼ਾਤਿਰ, ਚਾਲਾਕ ਮਨੁੱਖ ਦੀਆਂ ਹੀ ਪਾਈਆਂ ਹਨ।)**

**** ਗੁਰੂ-ਬਾਬਾ ਨਾਨਕ ਸਾਹਿਬ ਜੀ ਨੇ ਮਨੁੱਖ ਸਮਾਜ ਵਿੱਚ ਪ੍ਰਚੱਲਤ ਮਜ਼ਹਬਾਂ, ਧਰਮਾਂ ਦੇ ਬਖੇੜਿਆਂ, ਪੇਚੀਦਗੀਆਂ, ਪ੍ਰੇਸ਼ਾਨੀਆਂ ਨੂੰ ਬਾਖੂਬੀ ਸਮਝਿਆ, ਜਾਣਿਆ। ਇਹਨਾਂ ਬਖੇੜਿਆਂ, ਪ੍ਰੇਸ਼ਾਨੀਆਂ, ਪੇਚੀਦਗੀਆਂ ਦੇ ਪਿੱਛੇ ਲੁਕੀ ਧਾਰਮਿੱਕ-ਮੁਹਤਬਰਾਂ ਦੀ ਛਾਤਿਰ ਮਨਸ਼ਾ ਨੂੰ ਜਾਣਿਆ ਬੁਝਿਆ। ਆਡਬਰਾਂ, ਕਰਮਕਾਂਡਾਂ ਪਿੱਛੇ ਛੁਪੇ ਲਾਲਚ ਨੂੰ ਜਾਨਣਾ ਕੀਤਾ। ਝੂਠੀਆਂ, ਫੋਕੀਆਂ ਮੰਨਮੱਤਾਂ-ਮਾਨਤਾਵਾਂ ਨੂੰ ਨਿਕਾਰਨਾ ਕੀਤਾ।**

**** ਆਪਣੇ 'ਸਚਿਆਰਤੇ' ਵਾਲੇ ਰਾਹ ਚੱਲਣ ਵਾਲਿਆਂ ਨੂੰ ਇੱਕ ਵਿਲੱਖਣ, ਨਿਆਰਾ-ਰਾਹ ਵਿਖਾਉਣਾ ਕੀਤਾ, ਦੱਸਣਾ ਕੀਤਾ। ਸਾਰਿਆਂ ਵਹਿਮਾਂ, ਭਰਮਾਂ, ਪਾਖੰਡਾਂ, ਅਡੰਬਰਾਂ, ਕਰਮਕਾਂਡਾਂ ਵਿਚੋਂ ਕੱਢਣਾ ਕੀਤਾ।**

** ਅੱਜ ਦਾ ਸਿੱਖ-ਸਮਾਜ, ਜੋ ਵੇਖਣ ਵਿੱਚ ਆ ਰਿਹਾ ਹੈ, ਉਸ ਨਿਆਰੇ ਵਿਲੱਖਣ ਸਿੱਧੇ ਪਧਰੇ ਪੱਕੇ ਰਾਹ ਉੱਪਰ ਚੱਲਣਾ ਛੱਡ ਕੇ, ਕੱਚੀਆਂ ਪੱਗ-ਡੰਡੀਆਂ ਦਾ ਪਾਂਧੀ ਬਣਦਾ ਜਾ ਰਿਹਾ ਹੇ। 90% ਸਿੱਖ ਸਮਾਜ ਤਾਂ ਬਾਬੇ ਨਾਨਕ ਦੇ ਆਗਮਨ ਤੋਂ ਪਹਿਲਾਂ ਵਾਲੇ ਕੱਚੇ-ਰਾਹ, ਪਗ-ਡੰਡੀਆਂ ਦਾ ਪਾਂਧੀ ਤਾਂ ਬਣ ਹੀ ਚੁੱਕਾ ਹੈ।

** ਆਉ, ਅੱਗੇ ਇਸੇ ਕੱਚੇ-ਵਿੰਗੇ-ਟੇਡੇ ਰਾਹ ਉੱਪਰ ਚੱਲਣ ਵਾਲੇ ਸਿੱਖ-ਪਾਂਧੀਆਂ ਦੀਆਂ ਮਨਾਈਆਂ ਜਾਂਦੀਆਂ ਮੰਨਮੱਤਾਂ ਦੀ ਵੀਚਾਰ ਕਰਦੇ ਹਾਂ। ਇਹ ਸਾਰੀਆਂ ਮੰਨਮੱਤਾਂ, ਰਵਾਇਤਾਂ, ਰੀਤਾਂ- ਰਸਮਾਂ, ਟੂਣੇ-ਟਾਮਣ, ਮੜੀਆਂ-ਮਸਾਣਾਂ ਕਬਰਾਂ ਪੂਜਣੀਆਂ, ਹਰ ਤਰਾਂ ਦੇ ਭਰਮ ਭੁਲੇਖੇ ਵਿੱਚ ਪੈ ਕੇ ਹਰ ਕਿਸੇ ਐਰੇ-ਗੈਰੇ ਨੱਥੂ ਖੈਰੇ ਪਿੱਛੇ ਲੱਗ ਕੇ ਹਰ ਜਗਹ ਆਪਣਾ ਮੱਥਾ ਘਸਾਈ ਕਰੀ ਜਾਣਾ। ਹਰ ਤਰਾਂ ਦਾ ਭਰਾਹਮਣੀ ਕਰਮਕਾਂਡ ਕਰੀ ਜਾਣਾ।

** 'ਗੁਰਮੱਤ-ਗਿਆਨ-ਵਿਚਾਰ' ਦੀ ਘਾਟ ਹੋਣ ਕਰਕੇ, ਅੱਜ ਪੰਜਾਬ ਵਿੱਚ ਡੇਰੇਦਾਰਾਂ ਦੀ ਭਰਮਾਰ ਹੋ ਚੁੱਕੀ ਹੈ। ਇਹਨਾਂ ਵਿਹਲੜਾਂ ਦੀਆਂ ਦੁਕਾਨਾਂ ਬੱੜੇ ਜ਼ੋਰ-ਸ਼ੋਰ ਨਾਲ ਚੱਲ ਰਹੀਆਂ ਹਨ। ਅੱਜ ਦੇ ਡੇਰੇਦਾਰ, ਨਿਰਮਲੇ ਸਾਧੜੇ, ਟਕਸਾਲਾਂ ਵਾਲੇ ਧੜੱਲੇ ਨਾਲ ਬ੍ਰਾਹਮਣੀ ਪ੍ਰਚਾਰ-ਪ੍ਰਸਾਰ ਵਿੱਚ ਲੱਗੇ ਹੋਏ ਹਨ।

**** ਸਨਾਤਨੀ ਸਮਾਜ ਵਿੱਚ ਬ੍ਰਾਹਮਣ ਦੀ ਪ੍ਰਭੂ-ਸਤਾ ਕਰਕੇ, ਹਰ ਉਹ ਕਰਮਕਾਂਡ ਕੀਤਾ ਜਾ ਰਿਹਾ ਹੈ, ਜੋ ਬ੍ਰਾਹਮਣ ਨੂੰ ਪ੍ਰਵਾਨ ਹੈ, ਬ੍ਰਾਹਮਣ ਦੀ ਮਰਜ਼ੀ ਦੇ ਅਨੁਸਾਰ ਹੈ। ਸਨਾਤਨੀ ਸਮਾਜ ਵਿੱਚ ਬ੍ਰਾਹਮਣ ਦੀ ਮਰਜ਼ੀ ਦਾ ਕੋਈ ਵਿਰੋਧ ਨਹੀਂ ਕਰ ਸਕਦਾ। ਸਨਾਤਨੀ ਸਮਾਜ ਦੇ ਲੋਕ ਵੀ ਆਪਣੀ ਆਵਾਜ਼ ਚੁੱਕਣ ਵਿੱਚ ਕੋਈ ਹੀਆ/ਹਿੰਮਤ ਨਹੀਂ ਕਰਦੇ। ਜੋ ਵੀ ਇਨਸਾਨ ਇਹ ਹੀਆ/ਹਿੰਮਤ ਕਰਦਾ ਹੈ, ਬਹੁਮੱਤ ਵਲੋਂ ਉਸ ਆਵਾਜ਼ ਨੂੰ ਸਦਾ ਲਈ ਦਬਾਅ ਦਿੱਤਾ ਜਾਂਦਾ ਹੈ।**

"ਸ਼ਿਵਲਿੰਗ" ਸਨਾਤਨ ਮੱਤ ਵਿੱਚ ਮੰਨੇ ਜਾਂਦੇ ਇੱਕ ਨਰ-ਦੇਵਤੇ ਦਾ ਸਰੀਰਿਕ ਅੰਗ ਹੈ, ਜੋ ਪੱਥਰ ਘੜ ਕੇ ਬਣਾਇਆ ਜਾਂਦਾ ਹੈ। ਆਪਣੀ ਮੰਨਤ/ਮਨਾਉਤ ਪੂਰੀ ਕਰਵਾਉਣ ਲਈ ਸ਼ਿਵਲਿੰਗ ਦਾ ਦੁੱਧ ਨਾਲ ਇਸ਼ਨਾਨ ਕਰਵਾਇਆ ਜਾਂਦਾ ਹੈ। ਐਸੀ ਰਵਾਇਤ ਸ਼ਾਤਿਰ, ਚਾਲਾਕ, ਬ੍ਰਾਹਮਣ/ਪੁਜਾਰੀ/ਪਾਂਡੇ ਨੇ ਬਣਾ ਦਿੱਤੀ। ਜੋ ਸਦੀਆਂ ਤੋਂ ਸਨਾਤਨ ਸਮਾਜ ਵਿੱਚ ਉਸੇ ਤਰਾਂ ਬਰਕਰਾਰ ਚੱਲੀ ਆ ਰਹੀ ਹੈ।

** ਸਨਾਤਨ ਮੱਤ ਦੇ ਮੰਦਿਰਾਂ ਵਿੱਚ ਹਰ ਰੋਜ਼ ਹਜ਼ਾਰਾਂ ਕੁਇੰਟਲ ਦੁੱਧ ਇਹਨਾਂ ਪੱਥਰ ਦੀਆਂ ਮੂਰਤਾਂ ਅਤੇ ਸ਼ਿਵਲਿੰਗਾਂ ਉੱਪਰ 'ਸਰਧਾ' ਦੇ ਨਾਮ ਥੱਲੇ ਨਾਲਿਆਂ ਨਦੀਆਂ ਵਿੱਚ ਰੋਹੜ ਦਿੱਤਾ ਜਾਂਦਾ ਹੈ।

ਇਹ ਹਜ਼ਾਰਾਂ ਕੁਇੰਟਲ ਦੁੱਧ, ਜੋ ਸਰਧਾ ਦੇ ਨਾਮ ਥੱਲੇ ਬੇਕਾਰ ਨਦੀਆਂ ਨਾਲਿਆਂ ਵਿੱਚ ਰੋਹੜ ਦਿੱਤਾ ਜਾਂਦਾ ਹੈ, ਆਰਥਿੱਕ ਪੱਖ ਤੋਂ ਪੱਛੜੇ ਲੋਵੜੰਦਾਂ, ਗਰੀਬ ਲੋਕਾਂ ਦੀ ਪੇਟ ਪੂਰਤੀ ਕਰ ਸਕਦਾ ਹੈ, ਹੋਰ ਕਿਸੇ ਪਾਸੇ ਕੰਮ ਆ ਸਕਦਾ ਹੈ। ਪਰ ਨਹੀਂ! ! ਬਰਾਹਮਣ ਪੁਜਾਰੀ ਪਾਂਡਾ ਆਪਣੀ ਪ੍ਰਭੂ-ਸਤਾ ਬਰਕਰਾਰ ਰੱਖਣ ਵਾਸਤੇ ਇਸ ਭਲਾਈ ਵਾਲੇ ਪਾਸੇ ਵੱਲ ਨੂੰ ਸੋਚਦਾ ਵੀ ਨਹੀਂ ਹੈ, ਉਸਨੇ ਤਾਂ ਇਹ ਦੁੱਧ ਨਾਲੀਆਂ ਵਿੱਚ ਰੋਹੜਨਾ ਹੀ ਹੈ।

** ਖੈਰ ਚਲੋ, ਦੁੱਧ ਨਾਲ ਪੱਥਰਾਂ ਨੂੰ ਇਸ਼ਨਾਨ ਕਰਾਉਣਾ, ਇਹ ਸਨਾਤਨੀ ਮੱਤ ਦਾ ਮਸਲਾ ਹੈ, ਉਹਨਾਂ ਦੀਆਂ




ਉਹ ਜਾਨਣ।

** ਪਰ, ਦੁੱਧ ਨਾਲ ਇਸ਼ਨਾਨ ਕਰਾਉਣ ਵਾਲੀ, ਇਸ ਬ੍ਰਾਹਮਣੀ ਮੰਨਮੱਤ/ਰਵਾਇਤ ਦੀ ਨਕਲ ਕਰਕੇ ਸਿੱਖ ਸਮਾਜ ਦਾ ਕੇਸਾਧਾਰੀ ਪੁਜਾਰੀ ਕੀ ਕਰ ਰਿਹਾ ਹੈ? ?

** ਆਉ ਉਸ ਉੱਪਰ ਵਿਚਾਰ ਕਰਦੇ ਹਾਂ। ਜੋ ਗੁਰਮੱਤ ਅਨੁਸਾਰ ਇੱਕ ਕਰਮਕਾਂਡ ਹੈ।

## ** ਗੁਰਦੁਆਰੇ ਦੇ 'ਨਿਸ਼ਾਨ ਸਾਹਿਬ' ਨੂੰ ਦੁੱਧ/ਦਹੀਂ ਨਾਲ ਧੋਣਾ।

** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਬਣਾਈ 'ਸਿੱਖ ਰਹਿਤ ਮਰਿਆਦਾ' ਦੇ ਪੰਨਾ ਨੰਬਰ 6 ਉੱਪਰ ਮੱਦ 'ਗੁਰਦੁਆਰੇ' (ਡ) ਵਿੱਚ ਹੇਠ ਲਿਖਿਆ ਦਰਜ਼ ਹੈ।

****** (ਡ) ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉਚੀ ਥਾਂ 'ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਅਤੇ ਨਿਸ਼ਾਨ ਸਾਹਿਬ ਦੇ ਸਿਰੇ ਉਤੇ ਸਰਬਲੋਹ ਦਾ ਭਾਲਾ ਜਾਂ ਖੰਡਾ ਹੋਵੇ।)

** ਗੁਰਮੱਤ ਸਿਧਾਂਤਾਂ ਦੇ ਅਨੁਸਾਰ ਹਰ ਗੁਰਦੁਆਰੇ ਜਿਥੇ 'ਸਬਦ ਗੁਰੂ ਗਰੰਥ ਸਾਹਿਬ ਜੀ' ਦਾ ਪ੍ਰਕਾਸ਼ ਕੀਤਾ ਜਾਂਦਾ ਹੈ, 'ਨਿਸ਼ਾਨ ਸਾਹਿਬ' ਲਗਾਇਆ ਜਾਣਾ ਚਾਹੀਦਾ ਹੈ।

** ਬਹੁਤ ਦੂਰੋਂ ਉੱਚਾ ਦਿੱਸਦਾ ਗੁਰਦੁਆਰੇ ਦਾ 'ਨਿਸ਼ਾਨ ਸਾਹਿਬ', ਕਿਸੇ ਵੀ ਮੁਸਾਫਿਰ, ਰਾਹੀ, ਲੋੜਵੰਦ ਨੂੰ ਇਹ ਸੁਨੇਹਾ, ਸੰਦੇਸ਼ਾ ਦਿੰਦਾ ਹੈ, ਹੌਸਲਾ ਦਿੰਦਾ ਹੈ, ਔਹ! ! ਸਾਹਮਣੇ ਗੁਰਦੁਆਰਾ ਸਾਹਿਬ ਹੈ, ਕਿ

- ਉਸਨੂੰ ਹੁਣ ਕਿਸੇ ਤਰਾਂ ਕੋਈ ਫਿਕਰ ਕਰਨ ਦੀ ਲੋੜ ਨਹੀਂ।
- ਉਸਨੂੰ ਟਿਕਾਣਾ ਮਿਲ ਗਿਆ ਹੈ।
- ਉਹ ਭੁੱਖਾ ਵੀ ਨਹੀਂ ਸੌਂਵੇਂਗਾ।
- ਰੈਣ ਬਸੇਰਾ ਵੀ ਹੋ ਜਾਏਗਾ।

** 'ਨਿਸ਼ਾਨ ਸਾਹਿਬ' ਇੱਕ ਸਵੈਮਾਨ ਦਾ 'ਨਿਸ਼ਾਨ' ਹੈ। ਆਕਾਸ਼ ਵਿੱਚ ਉੱਚਾ ਦੂਰੋਂ ਦਿਸਣ ਲਈ, ਪਹਿਲੇ ਸਮਿਆਂ ਵਿੱਚ ਇੱਕ ਲੱਕੜ ਦੀ ਲੰਬੀ ਬੱਲੀ ਲੈ ਕੇ ਉਸ ਉੱਪਰ ਖੰਡਾ ਲਗਾਇਆ ਜਾਂਦਾ ਸੀ। ਲੱਕੜ ਨੂੰ ਢੱਕਣ ਵਾਸਤੇ, ਉੱਪਰ ਕੱਪੜੇ ਦੀ ਪੌਸ਼ਾਕ ਪਹਿਨਾ ਦਿੱਤੀ ਜਾਂਦੀ। ਇਹ ਲੱਕੜ ਦੀ ਸਾਂਭ ਸੰਭਾਲ ਵਾਸਤੇ ਸੀ। ਹੋਲੀ ਹੋਲੀ ਸਮੇਂ ਦੇ ਅਨੁਸਾਰੀ, ਜਿਵੇਂ ਜਿਵੇਂ ਮਨੁੱਖ ਤਰੱਕੀ ਕਰਦਾ ਗਿਆ ਨਵੀਆਂ ਨਵੀਆਂ ਈਜ਼ਾਦਾਂ ਹੁੰਦੀਆਂ ਗਈਆਂ, ਲੱਕੜ ਦੀ ਬੱਲੀ ਦੀ ਜਗਹ, ਲੋਹੇ ਦੇ ਪਾਈਪਾਂ ਨੇ ਲੈ ਲਈ। ਇਹਨਾਂ ਲੋਹੇ ਦੇ ਪਾਈਪਾਂ ਨੂੰ ਮਨ ਚਾਹੇ ਰੰਗ ਦੇ ਨਾਲ ਪੇਂਟ ਕਰ ਦਿੱਤਾ ਜਾਂਦਾ ਹੈ, ਤਾਂ ਜੋ ਮੌਸਮੀ ਤਬਦੀਲੀਆਂ ਕਰਕੇ ਲੋਹਾ ਜੰਗਾਲ, ਜ਼ਰਜ਼ਰੇਪਣ ਆਦਿ ਤੋਂ ਬਚਿਆ ਰਹੇ।

** ਲੋਹੇ ਦੀ ਪਾਈਪ ਦਾ ਏਨਾ ਰੱਖ ਰਖਾਅ ਹੋਣ ਦੇ ਬਾਵਯੂਦ ਵੀ, ਸਿੱਖ ਸੰਗਤਾਂ ਇਸ ਲੋਹੇ ਦੇ ਪਾਈਪ ਉੱਪਰ ਫਿਰ ਭੀ ਪੌਸ਼ਾਕਾ ਪਹਿਨਉਂਦੀਆਂ ਹਨ, ਜੋ ਵੇਖਣ ਵਿੱਚ ਵੀ ਸੋਹਣਾ ਲੱਗਦਾ ਹੈ।

** ਹਰ ਸਾਲ ਵੈਸਾਖੀ ਜਾਂ ਬਾਬਾ ਗੁਰ ਨਾਨਕ ਸਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਇਸ 'ਨਿਸ਼ਾਨ ਸਾਹਿਬ' ਦਾ ਚੋਲਾ ਬਦਲੀ ਕਰ ਦਿੱਤਾ ਜਾਂਦਾ ਹੈ। ਕਈ ਵਾਰ ਮੌਸਮੀ ਤਬਦੀਲੀਆਂ ਕਰਕੇ, ਜ਼ੋਰਦਾਰ ਹਵਾਵਾਂ ਚੱਲਣ ਕਰਕੇ ਇਹ ਚੋਲਾ ਫੱਟ ਵੀ ਜਾਂਦਾ ਹੈ।

** 'ਨਿਸ਼ਾਨ ਸਾਹਿਬ' ਦਾ ਫਟਿਆ ਚੋਲਾ, ਸਾਨੂੰ ਆਪਣੇ ਆਪ ਨੂੰ, ਦੂਰੋਂ ਵੇਖਣ ਵਾਲਿਆਂ ਦੀਆਂ ਨਜ਼ਰਾਂ ਵਿੱਚ ਉਸ ਧਾਰਮਿੱਕ ਸਥਾਨ ਦੇ ਪ੍ਰਬੰਧਕਾਂ ਦੀ ਜਿੰਮੇਵਾਰੀ ਅਤੇ ਦੇਖਭਾਲ ਬਾਰੇ ਸਵਾਲ ਖੜੇ ਕਰਦਾ ਹੈ। ਸੋ ਨਿਸ਼ਾਨ ਸਾਹਿਬ ਦੇ ਚੋਲੇ ਬਦਲੀ ਕਰਨਾ, ਜ਼ਾਇਜ ਵੀ ਹੈ, ਬਣਦਾ ਵੀ ਹੈ।

** **ਪਰ**! ! ਨਿਸ਼ਾਨ ਸਾਹਿਬ ਦੇ ਚੋਲੇ ਨੂੰ ਬਦਲੀ ਕਰਨ ਵੇਲੇ, ਨਿਸ਼ਾਨ ਸਾਹਿਬ ਦੇ ਲੋਹੇ ਦੇ ਪਾਈਪ ਜਾਂ ਲੱਕੜ ਦੀ ਬੱਲੀ ਨੂੰ ਸਾਫ਼ ਸਫ਼ਾਈ ਕਰਕੇ, ਰੰਗ ਰੋਗਨ ਕਰਕੇ ਸੰਭਾਲਿਆ ਜਾ ਸਕਦਾ ਹੈ।

## ** ਇਥੇ ਮੰਨਮੱਤ ਸੁਰੂ ਹੋ ਜਾਂਦੀ ਹੈ। ਲੋਹੇ ਦੇ ਪਾਈਪ ਜਾਂ ਲੱਕੜ ਨੂੰ ਦੁੱਧ ਜਾਂ ਦਹੀਂ ਨਾਲ ਸਾਫ਼ ਕਰਨਾ। ਇਹ ਇੱਕ ਬ੍ਰਾਹਮਣੀ ਕਰਮਕਾਂਡ ਹੈ।

** 'ਗੁਰਮੱਤ ਗਿਆਨ ਵਿਚਾਰ' ਦੀ ਸੋਝੀ ਨਾ ਹੋਣ ਕਰਕੇ ਬਹੁਤ ਸਾਰੇ ਵੀਰ-ਭੈਣ ਇਸ ਕਰਮ ਨੂੰ ਜਾਇਜ਼ ਠਹਿਰਾਉਣਗੇ।

(ਕਿਉਂਕਿ ਉਹਨਾਂ ਵੀਰਾਂ ਭੈਣਾਂ ਨੇ ਆਪਣੇ ਜੀਵਨ ਵਿਚ, ਜਦ ਤੋਂ ਹੋਸ਼ ਸੰਭਾਲੀ ਹੈ, ਇਹ ਸਾਰਾ ਕਰਮਕਾਂਡ ਗੁਰਦੁਆਰਿਆਂ ਵਿੱਚ ਇਸੇ ਤਰਾਂ ਕਰਦੇ ਆਉਂਦੇ ਵੇਖਿਆ ਹੈ। ਆਪ 'ਗੁਰਬਾਣੀ' ਪੜ੍ਹ ਕੇ, ਸੁਣ ਕੇ, ਮੰਨ ਕੇ, ਵਿਚਾਰ ਕੇ, ਆਪਣੇ ਵਿਚਾਰ, ਆਪਣਾ ਪੈਮਾਨਾ ਬਨਾਉਣਾ ਨਹੀਂ ਕੀਤਾ।)

ਉਹਨਾਂ ਨੂੰ ਲੱਗਦਾ ਹੈ ਇਸ ਤਰਾਂ ਨਿਸ਼ਾਨ ਸਾਹਿਬ ਦੀ ਦੁੱਧ ਦਹੀਂ ਨਾਲ ਸਾਫ਼ ਸਫ਼ਾਈ ਕਰਕੇ ਉਹ ਬਹੁਤ ਵੱਡੀ ਸੇਵਾ ਕਰ ਰਹੇ ਹਨ। ਨਿਸ਼ਾਨ ਸਾਹਿਬ ਦੇ ਦੁੱਧ-ਦਹੀਂ ਨਾਲ ਸਫ਼ਾਈ ਅਭਿਆਨ ਵਿੱਚ ਹਰ ਕੋਈ ਮਾਈ-ਭਾਈ ਆਪਣਾ ਯੋਗਦਾਨ ਪਾਉਂਣਾ ਲੋਚਦਾ ਹੈ। ਤਾਂ ਹੀ ਉਹ ਆਪਣੇ ਆਪ ਦਾ ਗੁਰਦੁਆਰੇ ਆਇਆ ਸਫਲਾ ਸਮਝਦੇ ਹਨ।

** ਕੀ? ਅਸੀਂ ਆਪਣੇ ਆਪ ਨੂੰ ਬਾਬੇ ਨਾਨਕ ਦੇ ਸਿੱਖ ਸਮਝਦਿਆਂ ਨੇ, ਕਦੇ ਇਹ ਸੋਚਿਆ ਸਮਝਿਆ ਵਿਚਾਰਿਆ ਹੈ, ਕਿ ਜਿਹਨਾਂ ਵਹਿਮਾਂ, ਭਰਮਾਂ, ਪਾਖੰਡਾਂ, ਕਰਮਕਾਂਡਾਂ, ਅਡੰਬਰਾਂ ਤੋਂ ਬਾਬੇ ਨਾਨਕ ਨੇ ਸਾਨੂੰ ਵਰਜਿਆ ਸੀ, ਅਸੀਂ ਉਹ ਸਾਰੇ ਬ੍ਰਾਹਮਣੀ ਕਰਮਕਾਂਡਾਂ ਦੀ ਨਕਲ ਮਾਰ ਲਈ ਹੈ ਅਤੇ ਆਪਣੇ ਮਨੁੱਖਾ ਜੀਵਨ ਨੂੰ ਉਸੇ ਜਲਾਲਤ, ਦਲਦਲ ਵਿੱਚ ਲਿਆ ਖੜਾ ਕੀਤਾ ਹੈ। ਜਿਸ ਤੋਂ 'ਗੁਰਬਾਣੀ' ਸਾਨੂੰ ਨਿਜ਼ਾਤ, ਆਜ਼ਾਦੀ ਦਿਲਾਉਂਦੀ ਹੈ।

** **ਪਰ! ਅਫ਼ਸੋਸ,** ਪੂਰੇ ਦਾ ਪੂਰਾ ਸਿੱਖ ਸਮਾਜ ਦੇ ਗੁਰਦੁਆਰਿਆਂ ਦਾ ਪ੍ਰਬੰਧਨ ਬ੍ਰਾਹਮਣੀ ਸੋਚ ਦੇ ਤਹਿਤ ਚੱਲ ਰਿਹਾ ਹੈ। 'ਗੁਰਮੱਤ' ਸਿਧਾਂਤਾਂ, ਅਸੂਲਾਂ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਲੋਕ ਮੰਨਣ ਨੂੰ ਤਿਆਰ ਹੀ ਨਹੀਂ ਹਨ, ਕਿ 'ਗੁਰਮੱਤ ਸਿਧਾਂਤ' ਉਹਨਾਂ ਦੀ ਕੀ ਅਗਵਾਈ ਕਰ ਰਹੇ ਹਨ।







# ਨਿਸ਼ਾਨ ਸਾਹਿਬ ਤੇ ਆਰ ਐਸ ਐਸ

ਵਰਨਆਸ਼ਰਮ ਦੇ ਨੇਮਾਂ ਮੁਤਾਬਿਕ ਸ਼ੂਦਰ ਸਿਰਫ ਲੋਹੇ ਦੇ ਗਹਿਣੇ ਪਾ ਸਕਦਾ ਹੈ; ਸੋਨਾ, ਚਾਦੀ ਜਾਂ ਤਾਂਬੇ ਦੇ ਪਹਿਨਣ ਦੀ ਮਨਾਹੀ ਹੈ। ਏਸੇ ਤਰਾਂ ਫਿਰ ਸ਼ੂਦਰ ਨੀਲੇ ਰੰਗ ਦੀ ਪੁਸ਼ਾਕ ਪਾ ਸਕਦਾ ਹੈ, ਲਾਲ , ਕੇਸਰੀ, ਪੀਲਾ ਜਾਂ ਚਿੱਟਾ ਪਾਉਣਾ ਮਨਾ ਹੈ। ਇਥੋ ਤਕ ਕਿ ਸ਼ੂਦਰ ਦੇ ਰੰਗ ਨੀਲ ਦੀ ਖੇਤੀ ਅਖੋਤੀ ਉਚੀ ਜਾਤ ਦਾ ਕਿਸਾਨ ਨਹੀ ਕਰ ਸਕਦਾ। ਪਰ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਨਿਮ੍ਰਤਾ ਦਾ ਪੱਖ ਦਿਤਾ ਤੇ ਹੁਕਮ ਕੀਤਾ ਕਿ ਉਹ ਲੋਹੇ ਦਾ ਕੜਾ ਪਾਇਆ ਕਰਨ। ਸਿੱਖ ਫੌਜਾਂ ਦੀ ਬਰਦੀ ਏਸੇ ਕਰਕੇ ਨੀਲੀ ਕੀਤੀ। ਪਰ ਅੱਜ ਸਿੱਖਾਂ ਵਿਚ ਡੇਰੇਦਾਰ ਸੰਤ/ਮਹੰਤ ਦੇ ਹਾਵੀ ਹੋਣ ਕਰਕੇ ਸਭ ਉਲਟਾ ਪੁਲਟਾ ਹੋ ਰਿਹਾ ਹੈ। ਅੱਜ ਗੁਰਦੁਆਰਿਆਂ ਵਿਚ ਕੇਸਰੀ ਨਿਸ਼ਾਨ ਸਾਹਿਬ ਝੂਲ ਰਿਹਾ ਹੈ ਜੋ ਕਿਸੇ ਵੀ ਸਿੱਖ ਰਹਿਤਨਾਮੇ ਜਾਂ ਮਰਯਾਦਾ ਵਿਚ ਨਹੀ ਹੈ। ਕੇਸਰੀ ਨਿਸ਼ਾਨ ਇਸ ਕਰਕੇ ਸਿੱਖ ਸੰਸਥਾਵਾਂ ਦਾ ਆਰ ਐਸ ਐਸ ਦੀ ਗੁਲਾਮੀ ਦਾ ਚਿੰਨ ਬਣ ਚੁੱਕਾ ਹੈ। ਇਸ ਕੁਕਰਮ ਵਿਚ ਪੰਜਾਬ ਕਾਗਰਸ ਦਾ ਵੀ ਵੱਡਾ ਹੱਥ ਹੈ ਕਿਉਕਿ ਕਾਂਗਰਸ ਮੰਨਦੀ ਸੀ ਕਿ ਜੇ ਸਿੱਖ ਨੀਲਾ ਨਿਸ਼ਾਨ ਰੱਖਣਗੇ ਤਾਂ ਇਸਦਾ ਮਤਲਬ ਅਕਾਲੀ ਦਲ ਵਲ ਝੁਕਾਅ ਹੋਵੇਗਾ।

ਨਿਸ਼ਾਨ ਸਾਹਿਬ ਦਾ ਬਦਲਿਆ ਸਰੂਪ: ਨੀਲੇ ਤੋਂ ਪਹਿਲਾਂ ਪੀਲਾ ਕੀਤਾ ਗਿਆ ਤੇ ਹੁਣ ਭਗਵਾ/ਕੇਸਰੀ। ਜਦੋਂ 1932 ਵਿਚ ਕਾਂਗਰਸ ਨੇ ਤਿਰੰਗਾ ਝੰਡਾ ਅਪਣਾਇਆ ਤਾਂ ਅਕਾਲੀ ਦਲ ਨੇ ਤਿਰੰਗੇ ਦਾ ਵਿਰੋਧ ਕੀਤਾ ਸੀ ਕਿ ਤਿਰੰਗੇ ਵਿਚ ਸਿੱਖ ਰੰਗ ਨਹੀ ਦਿਤਾ। ਅੱਜ ਹੌਲੀ ਹੌਲੀ ਅਕਾਲੀ ਦਲ ਨੇ ਆਪਣਾ ਝੰਡਾ ਹੀ ਭਗਵਾ ਕਰ ਲਿਆ ਹੈ। ਇਸ ਵਿਰੋਧ ਵਾਲਾ ਮਤਾ ਬਕਾਇਦਾ ਸ਼੍ਰੋਮਣੀ ਕਮੇਟੀ ਦਾ 50 ਸਾਲਾ ਇਤਹਾਸ ਲੇਖਕ ਸ਼ਮਸ਼ੇਰ ਸਿੰਘ ਅਸ਼ੋਕ ਵਾਲੀ ਕਤਾਬ ਵਿਚ ਦਰਜ ਹੈ।

ਨਿਸ਼ਾਨ ਸਾਹਿਬ ਦਾ ਸਰੂਪ ਬਹਾਲ ਕਰਾਉਣ ਦਾ ਇਕੋ ਇਕ ਰਾਹ ਹੈ 'ਪ੍ਰਚਾਰ' ਜਦੋਂ ਅਸੀ ਜਾਗਰੂਕ ਹੋਵਾਂਗੇ ਤਾਂ ਹੁਕਮਰਾਨ ਅਜਿਹੀ ਬਦਮਾਸ਼ੀ ਨਹੀ ਕਰ ਸਕੇਗਾ। ਇਸ ਮੈਸਜ ਨੂੰ ਹਰ ਕੋਈ ਸ਼ੇਅਰ ਕਰੇ

** ਗੁਰਦੁਆਰੇ ਦੇ ਫਰਸ਼ਾਂ ਨੂੰ ਦੁੱਧ ਨਾਲ ਧੋਣਾ? ?







** ਸਨਾਤਨ ਮੱਤ ਦੇ ਮੰਦਿਰਾਂ ਵਿੱਚ ਪੱਥਰ ਦਾ ਹੀ ਬਣਾਇਆ ਸ਼ਿਵਲਿੰਗ, ਅਤੇ ਪੱਥਰ ਦੀਆਂ ਬਣਾਈਆਂ ਮੂਰਤੀਆਂ ਸਸ਼ੋਬਿੱਤ ਕੀਤੀਆਂ ਹੁੰਦੀਆਂ ਹਨ। ਇਹੀ ਪੱਥਰ ਦਾ ਸ਼ਿਵਲਿੰਗ ਅਤੇ ਮੂਰਤੀਆਂ, ਲੋਕਾਂ ਦੀ ਪੂਜਾ ਅਰਚਨਾ ਦਾ ਕੇਂਦਰ ਹੁੰਦੀਆਂ ਹਨ। ਇਹਨਾਂ ਪੱਥਰ ਦੀਆਂ ਮੂਰਤੀਆਂ ਅਤੇ ਸ਼ਿਵਲਿੰਗ ਨੂੰ ਦੁੱਧ/ਪਾਣੀ ਨਾਲ ਨਵਾਇਆ ਜਾਂਦਾ ਹੇ, ਅਤੇ ਸਜਾਇਆ ਸਵਾਰਿਆ ਜਾਂਦਾ ਹੇ। ਪੱਥਰ ਦੀ ਬਣੀ ਕਿਸੇ ਵੀ ਚੀਜ਼ ਨੂੰ ਜਿਵੇਂ ਮਰਜ਼ੀ ਗਿਲ੍ਹਾ ਕਰ ਦੇਵੋ। ਫਿਰ ਕਪੜੇ ਨਾਲ ਸਾਫ਼ ਕਰਕੇ ਸੁਖਾ ਕੇ ਕੱਪੜੇ ਪਹਿਨਾ ਦੇਵੋ। ਕੁੱਝ ਵੀ ਖ਼ਰਾਬ ਨਹੀਂ ਹੁੰਦਾ।

** ਸਿੱਖ ਸਮਾਜ ਦੇ ਗੁਰਦੁਆਰਾ ਸਾਹਿਬ ਵਿੱਚ 'ਸਬਦ ਗੁਰੁ ਗਰੰਥ ਸਾਹਿਬ ਜੀ' ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਇਥੇ ਕਿਸੇ ਤਰਾਂ ਦੀ ਕਿਸੇ ਵੀ ਮੂਰਤੀ ਨੂੰ ਰੱਖਣ ਦੀ ਮਨਾਹੀ ਹੈ। ਸਿੱਖ ਸਮਾਜ ਮੂਰਤੀ ਦਾ ਪੂਜਕ ਨਹੀਂ ਹੈ। ਗੁਰਦੁਆਰਾ ਸਾਹਿਬ ਵਿੱਚ ਕਿਸੇ ਤਰਾਂ ਦੀਆਂ ਤਸਵੀਰਾਂ ਲਾਉਣ ਦੀ ਵੀ ਸ਼ਖਤ ਮਨਾਹੀ ਹੈ।

** **ਪਰ, ਅਫ਼ਸੋਸ਼! !** ਸਿੱਖ ਸਮਾਜ ਦੇ ਗੁਰਦੁਆਰਿਆਂ ਵਿੱਚ ਸੱਭ ਕੁੱਝ 'ਗੁਰਮੱਤ-ਸਿਧਾਂਤਾਂ' ਦੇ ਅਨੁਸਾਰ ਨਹੀਂ ਹੋ ਰਿਹਾ। ਉਪਰਲੀਆਂ ਤਸਵੀਰਾਂ ਵਿੱਚ ਤੁਸੀਂ ਸਾਫ਼ ਵੇਖ ਰਹੇ ਹੋ, ਕਿ ਕਿਵੇਂ ਸਨਾਤਨੀ ਮੱਤ ਦੀਆਂ ਰਵਾਇਤਾਂ ਦੇ ਅਨੁਸਾਰ ਸਾਡੇ ਗੁਰਦੁਆਰਿਆਂ ਦੇ ਫਰਸ਼ਾਂ ਨੂੰ ਵੀ ਦੁੱਧ ਨਾਲ ਧੋਇਆ ਜਾ ਰਿਹਾ ਹੈ।

** ਗੁਰਦੁਆਰੇ ਵਿੱਚ ਕੋਈ ਪੱਥਰ ਦੇ ਸ਼ਿਵਲਿੰਗ ਜਾਂ ਕੋਈ ਮੂਰਤੀ ਵਰਗੀ ਕੋਈ ਚੀਜ਼ ਨਾ ਹੋਣ ਕਰਕੇ,

ਸਿੱਖਾਂ ਨੇ ਸੋਚਿਆ, ਚਲੋ! ! ਪੱਥਰ ਲੱਗੇ ਫਰਸ਼ ਨੂੰ ਹੀ ਦੁੱਧ ਨਾਲ ਧੋ ਦਿੱਤਾ ਜਾਵੇ। ਅਸੀਂ ਸਿੱਖ, ਕਿੱਡੀ ਵੱਡੀ ਹਿਮਾਕੱਤ ਭਰੀ ਨਾਦਾਨੀ ਕਰ ਰਹੇ ਹਾਂ। ਅਤੇ ਨਾਲ-ਨਾਲ ਆਪਣੇ ਆਪ ਨੂੰ ਗੁਰੂ ਦੇ ਪੂਰਨ ਸਿੱਖ ਹੋਣ ਦਾ, ਕਹਿਲਉਣ ਦਾ ਮਾਣ ਵੀ ਮਹਿਸੂਸ ਕਰ ਰਹੇ ਹਾਂ।

** ਇਸ ਬ੍ਰਾਹਮਣੀ-ਮੰਨਮੱਤ ਨੂੰ ਦਰਬਾਰ ਸਾਹਿਬ ਸਮੇਤ ਹੋਰ ਬਹੁਤ ਸਾਰੇ ਗੁਰਦੁਆਰਿਆਂ ਵਿੱਚ ਸਵੇਰੇ ਸਾਰ ਵੇਖਿਆ ਜਾ ਸਕਦਾ ਹੈ। ਦੋ ਜਗਹਾ ਦੀਆਂ ਤਸਵੀਰਾਂ ਤਾਂ ਤੁਸੀਂ ਉੱਪਰ ਵੇਖ ਹੀ ਰਹੇ ਹੋ।

*** Raw **milk is milk** from cows, sheep, and goats — or any other animal — that **has**not been pasteurized to kill harmful **bacteria**. Raw **milk can** carry dangerous**bacteria** such as Salmonella, E. coli, Listeria, Campylobacter, and others that cause foodborne illness, often called "food poisoning."Nov 8, 2018

## ** ਗੁਰੂ ਸਾਹਿਬ ਜੀ ਨੇ ਸਾਨੂੰ ਨਿਆਰਾ "ਖਾਲਸਾ' ਬਣਾਇਆ ਸੀ। 'ਸਚਿਆਰ ਸਿੱਖ' ਬਨਣ ਦੀ ਪ੍ਰੇਰਨਾ ਕੀਤੀ ਹੈ।

### ** ਪਰ! ! ਅਸੀਂ ਸਿੱਖਾਂ ਨੇ ਤਾਂ ਧਾਰ ਰੱਖਿਆ ਹੈ, ਮਨ ਬਣਾ ਲਿਆ ਹੈ ਕਿ:

- ਅਸੀਂ ਬ੍ਰਾਹਮਣ ਤੋਂ ਪਿਛੇ ਨਹੀਂ ਰਹਿਣਾ।
- ਅਸੀਂ ਬ੍ਰਾਹਮਣੀ ਰਵਾਇਤਾਂ ਨਹੀਂ ਛੱਡਨੀਆਂ।
- ਅਸੀਂ ਨਿਆਰਾ ਖਾਲਸਾ ਨਹੀਂ ਬਨਣਾ।
- ਅਸੀਂ ਉਹ ਹਰ ਵਹਿਮ, ਭਰਮ, ਕਰਮਕਾਂਡ ਅਡੰਬਰ ਕਰਾਂਗੇ, ਜੋ ਸਾਡਾ ਪੜੋਸੀ ਕਰਦਾ ਹੈ।
- ਅਸੀਂ 'ਗੁਰਬਾਣੀ' ਆਪ ਨਹੀਂ ਪੜ੍ਹਨੀ, ਕਰਾਏ ਉੱਪਰ ਹੀ ਪੜ੍ਹਾਉਣੀ ਕਰਾਂਗੇ।
- ਅਸੀਂ ਬ੍ਰਾਹਮਣ ਦੀ ਤਰਹ ਜਾਤ-ਪਾਤ ਵੀ ਮੰਨਾਂਗੇ।
- ਅਸੀਂ ਪੱਥਰ ਦੀਆਂ ਮੂਰਤੀਆਂ ਬੇਸ਼ੱਕ ਨਹੀਂ ਪੂਜਦੇ, ਪਰ ਉਹ ਪੂਜਾ-ਅਰਚਨਾ 'ਸਬਦ ਗੁਰੂ ਗਰੰਥ ਸਾਹਿਬ ਜੀ' ਨੂੰ ਪੂਜ ਕੇ ਮਨ ਦਾ ਝੱਸ ਪੂਰਾ ਕਰ ਲੈਂਦੇ ਹਾਂ।
- ਅਸੀਂ ਗੁਰਦੁਆਰੇ ਦੇ ਫਰਸ਼ਾਂ ਨੂੰ ਦੁੱਧ ਨਾਲ ਧੋ ਕੇ ਹੀ ਸਾਫ਼ ਕਰਾਂਗੇ। ਇਸ ਜੀਵਕ ਤਰਲ-ਪਦਾਰਥ ਨਾਲ ਭਾਵੇਂ ਬੈਕਟੀਰੀਆ ਪੈਦਾ ਹੁੰਦੇ ਹੋਣ, ਪਰ ਅਸੀਂ ਮੰਨਮੱਤ ਨਹੀਂ ਛੱਡਨੀ।
- ਅਸੀਂ ਨਿਸ਼ਾਨ ਸਾਹਿਬ ਨੂੰ ਵੀ ਦੁੱਧ-ਦਹੀਂ ਨਾਲ ਧੋ ਕੇ ਇਸ਼ਨਾਨ ਕਰਦੇ ਕਰਾਉਂਦੇ ਰਹਾਂਗੇ।
- ਅਸੀਂ ਅਖੰਡਪਾਠ ਕਰਾਉਣ ਵੇਲੇ ਵੀ ਮੰਨਮੱਤਾਂ ਕਰਾਗੇ।
- ਅਸੀਂ ਤਾਂ ਉਹ ਸਾਰਾ ਕੁੱਝ ਕਰਾਂਗੇ ਜੋ ਸਾਡੇ ਡੇਰੇਦਾਰ ਮਹਾਂ-ਪੁਰਖਾਂ ਨੇ ਸਾਨੂੰ ਰਾਹ ਵਿਖਾਇਆ ਹੈ। ਸਾਡੇ ਡੇਰੇਦਾਰ ਮਹਾਂ-ਪੁਰਖ ਸਿਆਣੇ ਸਨ ਜਾਂ ਕਿ ਤੁਸੀਂ ਸਿਆਣੇ ਹੋ ਗਏ? ? ? ?

- **ਜੋ ਮਰਜ਼ੀ ਕਹੀ ਜਾਵੋ, ਕਰੀ ਜਾਵੋ,**
- **ਸਾਡੀ ਇਹ ਗੱਡੀ ਤਾਂ ਇਵੇਂ ਹੀ ਚਲੂਗੀ।**
- **ਅਸੀਂ ਨਹੀਂ ਸੁਧਰਨਾ।**
- **ਅਸੀਂ ਨਹੀਂ ਬਦਲਨਾ।**
- **ਸਾਡੀ ਪੂਜਾ ਅਰਚਨਾ, ਆਰਤੀਆਂ ਇਵੇਂ ਹੀ ਚਲੱਣਗੀਆਂ।**

………………. ਚੱਲਦਾ।

ਧੰਨਵਾਧ।

ਇੰਜ ਦਰਸਨ ਸਿੰਘ ਖਾਲਸਾ

ਸਿੱਡਨੀ ਅਸਟਰੇਲੀਆ।

11 ਮਈ 2019